I/96060/2024

I/96060/2024

**ਸੀ.ਆਈ.ਐਨ ਨੰ: U02001PB1983SGC034715**

**ਜੀ.ਐਸ.ਟੀ ਨੰ: 03AAABC2806ROZO**

**ਪੰਜਾਬ ਰਾਜ ਵਣ ਵਿਕਾਸ ਨਿਗਮ ਲਿਮ.**

ਰਜਿਸਟਰਡ ਦਫ਼ਤਰ: ਵਣ ਭਵਨ, ਸੈਕਟਰ-68, ਐਸ.ਏ.ਐਸ ਨਗਰ (ਮੋਹਾਲੀ)

ਫੋਨ ਨੰਬਰ.0172-2298007, ਈ-ਮੇਲ:mdpsfdc@gmail.com

ਵੈਬਸਾਇਟ : www.pbforestdevcorp.gov.in

## ਵਣ ਨਿਗਮ ਪੰਜਾਬ ਵੱਲੋਂ ਕੱਟੇ ਮਾਲ(ਲੱਕੜ) ਨੂੰ ਵੇਚਣ ਦੀਆਂ ਵਿਸ਼ੇਸ਼ ਸ਼ਰਤਾਂ

**1.** ਵਣ ਨਿਗਮ ਵੱਲੋ ਹਰ ਇੱਕ ਲਾਟ ਦੇ ਕੱਟੇ ਹੋਏ ਮਾਲ/ਲੱਕੜ ਦਾ ਵੇਰਵਾ ਟੈਂਡਰ ਡਾਕੂਮੈਂਟ ਵਿੱਚ ਦਿੱਤਾ ਜਾਵੇਗਾ। ਕੱਟੇ ਮਾਲ ਦੀ ਗਿਣਤੀ, ਕਿਸਮ, ਪੈਮਾਇਸ਼ /ਕਲਾਸ ਅਤੇ ਘਣਤਾ ਜੋ ਮੌਕੇ ਤੇ ਡਿਪੂ ਵਿੱਚ ਪਏ (ਸਟੈਕ ਕਰਕੇ) ਹਨ, ਨੂੰ ਬਿਡ (Bids) ਕਰਨ ਵਾਲਿਆਂ ਵਾਸਤੇ ਠੀਕ ਮੰਨਣਾ ਜਰੂਰੀ ਹੋਵੇਗਾ। ਇਸ ਸਬੰਧੀ ਬਾਅਦ ਵਿੱਚ ਕੋਈ ਇਤਰਾਜ ਮੰਨਣਯੋਗ ਨਹੀਂ ਹੋਵੇਗਾ।

**2.** ਹਰ ਇਕ ਬੋਲੀਕਾਰ ਵੱਲੋਂ ਈ-ਟੈਂਡਰ ਕਮ ਆਕਸ਼ਨ/ਈ-ਆਕਸ਼ਨ ਪੰਜਾਬ ਸਰਕਾਰ ਦੀ ਵੈਬਸਾਈਟ (www.eproc.punjab.gov.in ) ਤੇ ਉਸ ਵੱਲੋਂ ਬਿਡ (Bid) ਕੀਤੇ ਲਾਟਾਂ ਦੀ ਰਾਖਵੀਂ ਕੀਮਤ ਦੀ ਰਕਮ ਦਾ 5% ਬਤੌਰ ਬਿਆਨਾ (EMD) ਭਰਨਾ ਹੋਵੇਗਾ। ਇਹ ਰਕਮ ਸਬੰਧਤ ਵੈਬਸਾਈਟ ਤੇ ਉਪਲਬਧ ਵਿਕਲਪ ਮੁਤਾਬਿਕ ਭਰਨੀ ਹੋਵੇਗੀ। ਟੈਂਡਰ ਦੇ ਸਮੇਂ ਇੱਕ ਜਾਂ ਇਕ ਤੋਂ ਵੱਧ ਲਾਟ ਵਾਸਤੇ ਬਿਡ ਕੀਤੀ ਜਾ ਸਕਦੀ ਹੈ ਤੇ ਇਕ ਵਾਰ ਦਿੱਤੀ ਹੋਈ ਬਿੱਡ (Bid) ਵਾਪਸ ਨਹੀਂ ਲਈ ਜਾ ਸਕਦੀ। ਸਮਰੱਥ ਅਧਿਕਾਰੀ ਕੋਲ ਲਾਟਾਂ ਨੂੰ ਜੋੜਣ ਜਾਂ ਤੋੜਣ ਦਾ ਅਧਿਕਾਰ ਹੋਵੇਗਾ। ਜੇਕਰ ਕੋਈ ਬੋਲੀਕਾਰ ਇੱਕ ਤੋਂ ਵੱਧ ਲਾਟਾਂ ਲਈ ਬਿੱਡ ਕਰਦਾ ਹੈ ਤਾਂ ਹਰ ਇੱਕ ਲਾਟ ਦਾ ਬਣਦਾ ਬਿਆਨਾ ਤੇ ਲਾਟ ਵਾਈਜ਼ ਜਮ੍ਹਾਂ ਕਰਵਾਈ ਬਿਆਨੇ ਦੀ ਰਕਮ ਦਾ ਵੇਰਵਾ ਟੈਂਡਰ ਭਰਦੇ ਹੋਏ ਹੇਠ ਲਿਖੇ ਪ੍ਰੋਫਾਰਮੇ ਅਨੁਸਾਰ ਅਪਲੋਡ ਕਰੇਗਾ:

| ਲੜੀ ਨੰਬਰ | ਲਾਟ ਨੰਬਰ | ਰਿਜ਼ਰਵ ਕੀਮਤ | ਬਣਦਾ ਬਿਆਨਾ | ਜਮ੍ਹਾਂ ਕੀਤਾ ਬਿਆਨਾ |
|---|---|---|---|---|
| | | | | |

**3.** ਕਾਮਯਾਬ ਖ੍ਰੀਦਦਾਰ ਵੱਲੋਂ ਈ-ਟੈਂਡਰ ਕਮ ਆਕਸ਼ਨ/ਈ-ਆਕਸ਼ਨ ਦਾ ਨਤੀਜਾ ਪੰਜਾਬ ਸਰਕਾਰ ਦੀ ਵੈਬਸਾਈਟ (www.eproc.punjab.gov.in ) ਤੇ ਅਪਲੋਡ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਬਿਡ (Bid) ਕੀਤੀ ਰਕਮ ਸਮੇਤ ਲਾਗੂ ਟੈਕਸ ਜਮ੍ਹਾਂ ਕਰਵਾਉਣੀ ਪਵੇਗੀ। ਕੱਟੇ ਹੋਏ ਮਾਲ/ਟਿੰਬਰ ਦੀ ਜਮਾਨਤ (security) ਨਹੀਂ ਹੋਵੇਗੀ। ਇਥੇ ਸਪਸ਼ਟ ਕੀਤਾ ਜਾਂਦਾ ਹੈ ਕਿ ਲਾਗੂ ਜੀ.ਐਸ.ਟੀ. ਜਮ੍ਹਾ ਕਰਵਾਉਣਾ ਪਵੇਗਾ। ਇਸ ਤੋਂ ਇਲਾਵਾ ਇਨਕਮ ਟੈਕਸ ਦੀ ਧਾਰਾ 206C ਅਧੀਨ ਕੁੱਲ ਰਕਮ (ਸਮੇਤ GST) ਉੱਤੇ TCS@2.50% ਜਮ੍ਹਾਂ ਕਰਾਉਣਾ ਹੋਵੇਗਾ। ਸਫਲ ਬੋਲੀਕਾਰ ਵੱਲੋਂ 27-C ਫਾਰਮ ਜਮ੍ਹਾਂ



Generated from eOffice by RAVINDER SINGH, OA(RS)- SALE/ROYALITY BRANCH-PSFDC, OFFICE ASSISTANT-SALE-PSFDC, CORP-PB STATE FOREST DEVELOPMENT COR o

I/96060/2024

ਕਰਾਉਣ ਤੇ TCS@2.50% ਜਮ੍ਹਾਂ ਕਰਾਉਣ ਤੋਂ ਛੋਟ ਹੋਵੇਗੀ।

**4.** ਖਰੀਦ ਕੀਤੇ ਲਾਟਾਂ ਦੀ ਸਾਰੀ ਰਕਮ ਬੈਂਕ ਡਰਾਫਟ/NEFT/RTGS/IMPS ਆਦਿ ਰਾਹੀਂ ਹੀ ਸਵੀਕਾਰ ਕੀਤੀ ਜਾਵੇਗੀ। ਵਣ ਨਿਗਮ ਦੇ ਬੈਂਕ ਖਾਤੇ ਵਿੱਚ ਪੇਮੈਂਟ ਪ੍ਰਾਪਤ ਹੋਣ ਉਪਰੰਤ ਹੀ ਵਣ ਨਿਗਮ ਵਲੋਂ ਬਣਦੀ ਅਗਲੇਰੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

**5**. ਜੇਕਰ ਖਰੀਦਦਾਰ ਲਾਟ ਦੀ ਬਕਾਇਆ ਰਕਮ ਮਿਥੀ ਹੋਈ ਮਿਆਦ ਦੇ ਅੰਦਰ-ਅੰਦਰ ਜਮਾਂ ਨਹੀਂ ਕਰਵਾਉਂਦਾ ਤਾਂ ਪਹਿਲਾਂ ਦਿੱਤੀ ਗਈ ਬਿਆਨੇ ਦੀ ਰਕਮ ਨਿਗਮ ਵੱਲੋਂ ਜਬਤ ਕਰ ਲਈ ਜਾਵੇਗੀ ਅਤੇ ਜੋ ਮਾਲ ਉਸ ਨੂੰ ਵੇਚਿਆ ਗਿਆ ਹੈ, ਦੇ ਬਾਰੇ ਕੋਈ ਉਜਰ ਨਹੀਂ ਸੁਣਿਆ ਜਾਵੇਗਾ । ਖਰੀਦਦਾਰ ਵੱਲੋ ਉਸ ਦੇ ਵਸੋਂ ਬਾਹਰ **(unavoidable recordable circumstances)** ਕਾਰਨਾਂ ਕਰਕੇ ਬਕਾਇਆ ਰਕਮ ਜਮਾਂ ਕਰਵਾਉਣ ਵਿੱਚ ਅਸਮਰਥ ਰਹਿੰਦਾ ਹੈ ਤਾਂ ਉਸ ਵੱਲੋਂ ਸਮੇਂ ਸਿਰ ਇਸ ਬਾਰੇ ਸਮਰਥ ਅਧਿਕਾਰੀ ਨੂੰ ਬੇਨਤੀ ਪੱਤਰ ਸਮੇਤ ਸਬੂਤਾਂ ਦਿੱਤਾ ਜਾ ਸਕਦਾ ਹੈ ਅਤੇ ਸਮਰਥ ਅਧਿਕਾਰੀ ਵੱਲੋਂ ਅਜਿਹਾ ਕੇਸ ਸਬੂਤਾਂ ਦੇ ਆਧਾਰ ਤੇ ਵਿਚਾਰਨ ਉਪਰੰਤ ਵਿਚਾਰਿਆ ਜਾਵੇਗਾ। ਉਪਰੋਕਤ ਕੇਸਾਂ ਵਿੱਚ ਲਾਟ ਦੀ ਬਕਾਇਆ ਰਕਮ ਜਮਾਂ ਕਰਨ ਦੀ ਮਿਆਦ ਵਿੱਚ 0.25% ਪ੍ਰਤੀ ਹਫਤਾ (ਬਕਾਇਆ ਰਕਮ ਤੇ) ਦੇ ਹਿਸਾਬ ਨਾਲ ਜੁਰਮਾਨਾ ਲਗਾ ਕੇ ਵੱਧ ਤੋਂ ਵੱਧ 4 ਹਫਤੇ ਤੱਕ ਵਾਧਾ ਦਿੱਤਾ ਜਾ ਸਕਦਾ ਹੈ। ਚਾਰ ਹਫਤੇ ਤੱਕ ਪੇਮੈਟ ਜਮਾਂ ਨਾ ਕਰਵਾਉਣ ਤੇ ਠੇਕਾ ਰੱਦ ਕਰ ਦਿੱਤਾ ਜਾਵੇਗਾ ਅਤੇ ਲਾਟ ਨੂੰ ਟੈਂਡਰ ਵਿੱਚ ਦੁਬਾਰਾ ਸੇਲ ਕਰਨ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ ਜਾਵੇਗੀ।

6. ਟੈਂਡਰ ਰਾਹੀਂ ਵੇਚੇ ਲਾਟ ਦੀ ਪੂਰੀ ਰਕਮ ਜਮ੍ਹਾ ਕਰਵਾਉਣ ਦੀ ਮਿਤੀ ਤੋਂ 15 ਦਿਨਾਂ ਵਿੱਚ ਟੈਕਸ ਇਨਵਾਇਸ, ਲਿਫਟਿੰਗ ਆਰਡਰ ਅਤੇ ਚਲਾਨ ਸਮਰੱਥ ਅਧਿਕਾਰੀ ਵੱਲੋਂ ਜਾਰੀ ਕਰਵਾਉਣ ਉਪਰੰਤ ਲਾਟ ਸਫਲ ਬੋਲੀਕਾਰ ਵੱਲੋਂ ਚੁੱਕਣਾ ਪਵੇਗਾ ਅਤੇ ਟੈਂਡਰ ਦੀਆਂ ਸ਼ਰਤਾਂ ਅਨੁਸਾਰ ਮਿਆਦ ਖਤਮ ਹੋਣ ਪਿੱਛੋਂ ਜਿਹੜਾ ਮਾਲ ਡਿਪੂ ਵਿੱਚ ਰਹਿ ਜਾਵੇਗਾ ਤਾਂ ਸਮਝਿਆ ਜਾਵੇਗਾ ਕਿ ਸਫਲ ਬੋਲੀਕਾਰ ਮਾਲ ਚੁੱਕਣ ਦਾ ਚਾਹਵਾਨ ਨਹੀ ਹੈ। ਇਸ ਲਈ ਠੇਕਾ ਰੱਦ ਕਰ ਦਿੱਤਾ ਜਾਵੇਗਾ ਅਤੇ ਮਾਲ ਨਿਗਮ ਵੱਲੋਂ ਜ਼ਬਤ ਕੀਤਾ ਜਾਵੇਗਾ, ਜੇਕਰ ਸਫਲ ਬੋਲੀਕਾਰ ਦੀ ਲਿਖਤੀ ਬੇਨਤੀ ਤੇ ਸਮਰੱਥ ਅਧਿਕਾਰੀ ਦੀ ਤਸੱਲੀ ਹੋਵੇ ਕਿ ਖਰੀਦਦਾਰ ਪੂਰੀ ਕੋਸ਼ਿਸ਼ ਕਰਨ ਪਿੱਛੋਂ ਵੀ ਟੈਂਡਰ ਦੀ ਮਿਆਦ ਦੇ ਅੰਦਰ-ਅੰਦਰ ਲਾਟ ਨੂੰ ਨਹੀ ਚੁੱਕ ਸਕਿਆ ਤਾਂ ਸਮਰੱਥ ਅਧਿਕਾਰੀ ਇਸ ਨੂੰ ਵਿਚਾਰਦੇ ਹੋਏ ਵੱਧ ਤੋਂ ਵੱਧ 15 ਦਿਨਾਂ ਤੱਕ 500/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਲਗਾ ਕੇ ਠੇਕੇਦਾਰ ਦੇ ਰਿਸਕ ਤੇ ਵਧਾ ਵੀ ਸਕਦੇ ਹਨ।

7. ਸਫਲ ਬੋਲੀਕਾਰ ਡਿੱਪੂ ਵਿੱਚੋਂ ਮਾਲ ਦੀ ਨਿਕਾਸੀ/ਢੁਆਈ ਸੂਰਜ ਚੜ੍ਹਨ ਤੋਂ ਪਹਿਲਾਂ ਅਤੇ ਸੂਰਜ ਛਿਪਣ ਤੋਂ ਬਾਅਦ ਨਹੀ ਕਰੇਗਾ।

8.ਸਫਲ ਬੋਲੀਕਾਰ ਆਪਣੇ ਕਰਿੰਦਿਆਂ ਅਤੇ ਮਜਦੂਰਾਂ ਵੱਲੋਂ ਟੈਂਡਰ ਦੀਆਂ ਸ਼ਰਤਾਂ ਦਾ ਠੀਕ ਤਰ੍ਹਾਂ ਪਾਲਣ ਕਰਵਾਉਣ ਲਈ ਜਿੰਮੇਵਾਰ ਹੋਵੇਗਾ।

9.ਸਫਲ ਬੋਲੀਕਾਰ ਸ਼ਰਤਾਂ ਦੀ ਪਾਲਣਾ ਕਰਦੇ ਹੋਏ ਸਮੇ ਸਿਰ ਮਾਲ ਨੂੰ ਚੁੱਕੇਗਾ ਮਾਲ ਚੁੱਕਣ ਤੋਂ ਪਹਿਲਾਂ ਕਿਸੇ ਹੋਰ ਵਿਅਕਤੀ ਨੂੰ ਅੱਗੇ ਵੇਚਣ/ਕਿਰਾਏ ਤੇ ਦੇਣ ਜਾਂ ਤਬਦੀਲੀ ਨਹੀਂ ਕਰ ਸਕੇਗਾ।

10.ਖ਼ੀਦਦਾਰ ਵੱਲੋਂ ਟੈਂਡਰ ਵਿੱਚ ਦਿੱਤਾ ਹੋਇਆ ਪਤਾ, ਈ-ਮੇਲ ਆਈ.ਡੀ (email-id), ਸੰਪਰਕ ਨੰਬਰ ਅਤੇ ਦਸਤਖਤ ਕੀਤੀਆਂ ਸ਼ਰਤਾਂ ਨੂੰ ਅਪਲੋਡ ਕੀਤਾ ਜਾਵੇ ਜੋ ਕਿ ਲਿਖਾਪੜ੍ਹੀ ਲਈ ਸਹੀ ਮੰਨਿਆ ਜਾਵੇਗਾ। ਮੰਜੂਰੀ ਜਾਂ ਦੂਸਰੇ ਪੱਤਰਾਂ ਦੀ ਪ੍ਰਾਪਤੀ ਵਿੱਚ ਦੇਰੀ, ਦਿੱਤੇ ਐਡਰੈਸ ਤੇ ਸਫਲ ਬੋਲੀਕਾਰ ਨੂੰ ਨਾ ਮਿਲਣ ਕਾਰਨ ਹੋਈ ਦੇਰੀ ਆਦਿ ਕਾਰਨ ਵਣ ਨਿਗਮ ਕੋਈ ਰਿਆਇਤ ਨਹੀਂ ਦੇਵੇਗਾ। ਪੰਜਾਬ ਸਰਕਾਰ ਦੀ ਈ- ਪਰਕਿਉਰਮੈਂਟ ਵੈਬਸਾਈਟ (www.eproc.punjab.gov.in) ਉੱਤੇ ਇਹ ਵੇਰਵਾ ਅਪਡੇਟ ਕਰਨ ਦੀ ਜਿੰਮੇਵਾਰੀ ਖਰੀਦਦਾਰ ਦੀ ਹੋਵੇਗੀ।



Generated from eOffice by RAVINDER SINGH, OA(RS)- SALE/ROYALITY BRANCH-PSFDC, OFFICE ASSISTANT-SALE-PSFDC, CORP-PB STATE FOREST DEVELOPMENT COR o

I/96060/2024

11.ਸਫਲ ਬੋਲੀਕਾਰ ਨੂੰ ਲੇਬਰ ਐਕਟ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ ਅਤੇ ਉਸ ਵੱਲੋਂ ਲਗਾਏ ਗਏ ਮਜ਼ਦੂਰ/ ਕਰਿੰਦਿਆਂ ਨੂੰ ਜੇਕਰ ਵਣ ਨਿਗਮ/ਸਰਕਾਰ ਵੱਲੋਂ ਵਰਕਮੈਨ ਕੰਪਨਸੇਸ਼ਨ ਐਕਟ, 1923 ਅਧੀਨ ਜਾਂ ਕਿਸੇ ਹੋਰ ਕਾਨੂੰਨ ਅਧੀਨ ਕੰਪਨਸੇਸ਼ਨ ਦੇਣੀ ਪੈਂਦੀ ਹੈ ਤਾਂ ਉਹ ਰਕਮ ਬੋਲੀਕਾਰ ਤੋਂ ਰੂਲਾਂ/ ਕਾਨੂੰਨ ਅਨੁਸਾਰ ਵਸੂਲੀ ਜਾਵੇਗੀ।

12.ਖਰੀਦਦਾਰ ਵੱਲੋਂ ਮਾਲ ਦੀ ਢੁਆਈ ਕਰਕੇ ਜੇਕਰ ਕਿਸੇ ਕਿਸਮ ਦੀ ਜਾਨ ਮਾਲ ਦਾ ਨੁਕਸਾਨ ਹੁੰਦਾ ਹੈ ਤਾਂ ਹੋਏ ਨੁਕਸਾਨ ਦੀ ਪੂਰੀ ਜਿੰਮੇਵਾਰੀ ਖਰੀਦਦਾਰ ਦੀ ਹੋਵੇਗੀ।

13.ਬੋਲੀਕਾਰ ਨੂੰ ਕੇਂਦਰ ਸਰਕਾਰ ਜਾਂ ਭਾਰਤ ਵਿੱਚ ਕਿਸੇ ਵੀ ਰਾਜ ਸਰਕਾਰ ਦੁਆਰਾ ਬਲੈਕ ਲਿਸਟ ਨਾ ਕੀਤਾ ਗਿਆ ਹੋਵੇ। ਜੇਕਰ ਅਜਿਹੀ ਕੋਈ ਵੀ ਘਟਨਾ ਸਾਹਮਣੇ ਆਉਂਦੀ ਹੈ, ਤਾਂ ਟੈਂਡਰ ਰੱਦ ਕਰ ਦਿੱਤਾ ਜਾਵੇਗਾ ਅਤੇ ਹੋਰ ਲੋੜੀਂਦੀ ਦੰਡਕਾਰੀ ਕਾਰਵਾਈ ਦੇ ਨਾਲ-ਨਾਲ ਸਾਰੀ ਰਕਮ ਅਤੇ ਮਾਲ ਜ਼ਬਤ ਕਰ ਲਿਆ ਜਾਵੇਗਾ।

14.ਜੇਕਰ ਖ੍ਰੀਦਦਾਰ ਜਾਂ ਉਸਦੇ ਮਜਦੂਰਾਂ /ਕਰਿੰਦਿਆਂ ਦੀ ਅਣਗਹਿਲੀ ਕਾਰਨ ਡਿਪੂ ਵਿਚ ਅੱਗ ਲਗੇਗੀ ਤਾਂ ਸਫਲ ਬੋਲੀਕਾਰ ਨੂੰ ਉਸਦਾ ਜ਼ਿੰਮੇਵਾਰ ਠਹਿਰਾਇਆ ਜਾਵੇਗਾ ਅੱਤੇ ਹੋਏ ਨੁਕਸਾਨ ਦੀ ਭਰਪਾਈ ਸਫਲ ਬੋਲੀਕਾਰ ਪਾਸੋਂ ਕੀਤੀ ਜਾਵੇਗੀ। ਜੇ ਖ੍ਰੀਦਦਾਰ ਕੋਈ ਐਸਾ ਲਾਟ ਚੁੱਕ ਲਿਆ ਜਾਂਦਾ ਹੈ ਜੋ ਉਸਨੂੰ ਵੇਚਿਆ ਨਾ ਹੋਵੇ ਤਾਂ ਉਸ ਦੇ ਖਿਲਾਫ ਪ੍ਰਚਲਿਤ ਕਾਨੂੰਨ/ ਰੂਲਾਂ ਅਤੇ ਸਰਕਾਰੀ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

15.ਕੱਟੇ ਮਾਲ ਦੀ ਡਲੀਵਰੀ ਵਣ ਨਿਗਮ ਦੇ ਡਿਪੂਆਂ ਵਿੱਚੋ ਹੀ ਕੀਤੀ ਜਾਵੇਗੀ। ਡਿਪੂਆਂ ਦੇ ਬਾਹਰ ਵਣ ਨਿਗਮ ਦੀ ਕੋਈ ਜਿਮੇਵਾਰੀ ਨਹੀਂ ਹੋਵੇਗੀ।

16.ਲੱਕੜ ਦੀ ਢੋਆਈ ਆਦਿ ਕਰਨ ਤੋਂ ਪਹਿਲਾ ਇਹਨਾਂ ਕੰਮਾਂ ਲਈ ਵਰਤੇ ਜਾਣ ਵਾਲੀਆਂ ਟਰੈਕਟਰ, ਟਰਾਲੀ ਜਾਂ ਕੋਈ ਹੋਰ ਗੱਡੀ, ਮਸ਼ੀਨਰੀ ਅਤੇ ਖਤਰਨਾਕ ਯੰਤਰ ਆਦਿ ਦੀ ਬਣਦੀ ਇੰਸ਼ੋਰੈਂਸ ਕਰਵਾਉਣ ਦੀ ਜ਼ਿੰਮੇਵਾਰੀ ਖਰੀਦਦਾਰ ਦੀ ਹੋਵੇਗੀ। ਖ੍ਰੀਦਦਾਰ ਵੱਲੋਂ ਮਾਲ ਦੀ ਢੋਆਈ ਦੌਰਾਨ ਜੇਕਰ ਕਿਸੇ ਕਿਸਮ ਦੀ ਜਾਨ ਮਾਲ ਦਾ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਪੂਰੀ ਜ਼ਿੰਮੇਵਾਰੀ ਖ੍ਰੀਦਦਾਰ ਦੀ ਹੋਵੇਗੀ।

17.ਟੈਂਡਰ ਪ੍ਰਵਾਨ ਕਰਨ ਵਾਲੀ ਅਥਾਰਟੀ ਨੂੰ The Transparency in Public procurement rules 2022 ਦੇ ਸ਼ਡਿਊਲ 1 (Part-1) ਅਨੁਸਾਰ ਕਾਰਵਾਈ ਕਰਨ ਦਾ ਅਧਿਕਾਰ ਹੋਵੇਗਾ ।

18.ਠੇਕੇ ਸਬੰਧੀ ਕੋਈ ਵੀ ਕਾਨੂੰਨੀ ਕਾਰਵਾਈ ਦਾ ਅਧਿਕਾਰ ਖੇਤਰ ਸਬੰਧਤ ਰੀਜਨਲ ਮੈਨੇਜਰ ਦੇ ਦਫਤਰ ਦਾ ਸਟੇਸ਼ਨ ਅਤੇ ਮੁੱਖ ਦਫਤਰ ਦਾ ਸਟੇਸ਼ਨ ਐਸ.ਏ.ਐਸ. ਨਗਰ ਹੋਵੇਗਾ।

19.ਜੇਕਰ ਟੈਂਡਰ ਸਬੰਧੀ ਕੋਈ ਝਗੜਾ ਉਤਪੰਨ ਹੁੰਦਾ ਹੈ ਤਾਂ ਉਸਦਾ ਫ਼ੈਸਲਾ ਸਾਲਿਸ (Arbitrator) ਪ੍ਰਧਾਨ ਮੁੱਖ ਵਣ ਪਾਲ, (HoFF), ਪੰਜਾਬ ਦੁਆਰਾ ਕਰਵਾਇਆ ਜਾਵੇਗਾ ਅਤੇ ਉਸ ਦਾ ਫੈਸਲਾ ਸਭ ਨੂੰ ਮੰਨਣਯੋਗ ਹੋਵੇਗਾ।

20.ਟੈਂਡਰ ਭਰਨ ਤੋਂ ਪਹਿਲਾਂ ਬੋਲੀਕਾਰ ਵੱਲੋਂ ਉਪਰੋਕਤ ਸ਼ਰਤਾਂ ਤੋਂ ਆਪਣੇ ਆਪ ਨੂੰ ਭਲੀ ਭਾਂਤ ਜਾਣੂ ਕਰਵਾਉਣ ਦੀ ਜਿੰਮੇਵਾਰੀ ਬੋਲੀਕਾਰ ਦੀ ਹੋਵੇਗੀ।

21.ਉਪਰੋਕਤ ਸ਼ਰਤਾਂ ਜਾਰੀ ਹੋਣ ਦੀ ਮਿਤੀ ਤੋਂ ਤੁਰੰਤ ਲਾਗੂ ਹੋਣਗੀਆਂ ਜਿਸ ਉਪਰੰਤ ਇਸ ਸਬੰਧੀ ਪਹਿਲਾਂ ਜਾਰੀ ਕੀਤੀਆਂ ਸਾਰੀਆਂ ਸ਼ਰਤਾਂ ਆਪਣੇ ਆਪ ਖਤਮ ਹੋ ਜਾਣਗੀਆਂ।

PRAVEEN KUMAR IFS



Generated from eOffice by RAVINDER SINGH, OA(RS)- SALE/ROYALITY BRANCH-PSFDC, OFFICE ASSISTANT-SALE-PSFDC, CORP-PB STATE FOREST DEVELOPMENT COR o

I/96060/2024

MANAGING DIRECTOR
04-10-2024



Generated from eOffice by RAVINDER SINGH, OA(RS)- SALE/ROYALITY BRANCH-PSFDC, OFFICE ASSISTANT-SALE-PSFDC, CORP-PB STATE FOREST DEVELOPMENT COR o